Alberta Government

ਨਿਊਜ਼ ਰਿਲੀਜ਼

# ਅਲਬਰਟਾ ਬਾਕੀ ਰਹਿੰਦੀਆਂ ਸਿਹਤ ਪਾਬੰਦੀਆਂ ਹਟਾ ਰਿਹਾ ਹੈ

ਜੂਨ 13, 2022 Media inquiries

---

## ਅਲਬਰਟਾ ਜਨਤਕ ਸਿਹਤ ਉਪਾਵਾਂ ਨੂੰ ਸੌਖਾ ਬਣਾਉਣ ਲਈ ਆਪਣੀ ਯੋਜਨਾ ਵਿੱਚ ਅੰਤਿਮ ਕਦਮ ਚੁੱਕੇਗਾ ਕਿਉਂਕਿ ਸੂਬਾ ਓਮੀਕਰੋਨ BA.2 ਦੀ ਲਹਿਰ ਨੂੰ ਪਾਰ ਕਰ ਚੁੱਕਿਆ ਹੈ ਅਤੇ ਕੋਵਿਡ-19 ਕਾਰਨ ਹਸਪਤਾਲਾਂ ਵਿੱਚ ਦਾਖਲਾ ਲਗਾਤਾਰ ਘਟਦਾ ਜਾ ਰਿਹਾ ਹੈ।

ਹਸਪਤਾਲਾਂ ਵਿੱਚ ਨਵੇਂ ਦਾਖਲੇ ਦੀ ਦਰ 26 ਅਪ੍ਰੈਲ ਨੂੰ ਇਸਦੇ ਸਿਖਰ(ਪੀਕ) ਸਮੇ ਜਦੋਂ ਪ੍ਰਤੀ ਮਿਲੀਅਨ ਆਬਾਦੀ ਵਿੱਚ ਪ੍ਰਤੀ ਦਿਨ ਕੋਵਿਡ-19 ਦੇ 20.7 ਨਵੇਂ ਦਾਖਲੇ ਹੋਏ ਸਨ ਤੋਂ ਬਾਅਦ ਘਟ ਰਹੀ ਹੈ। 9 ਜੂਨ ਤੱਕ ਨਵੇਂ ਹਸਪਤਾਲ ਦਾਖਲੇ ਦੀ ਹਫਤਾਵਾਰੀ ਔਸਤ ਪ੍ਰਤੀ ਮਿਲੀਅਨ ਆਬਾਦੀ  ਦਾ 6.6 ਪ੍ਰਤੀ ਦਿਨ ਸੀ।

ਪੀਸੀਆਰ ਟੈਸਟ ਦੀ ਸਕਾਰਾਤਮਕਤਾ ਅਤੇ ਵੇਸਟਵਾਟਰ ਦੀ ਨਿਗਰਾਨੀ ਵੀ ਕੋਵਿਡ-19 ਦੇ ਫੈਲਾਅ ਵਿੱਚ ਨਿਰੰਤਰ ਗਿਰਾਵਟ ਨੂੰ ਦਰਸਾਉਂਦੀ ਹੈ।

14 ਜੂਨ ਰਾਤ 11:59 ਤੋਂ ਪ੍ਰਭਾਵੀ ਹੋਣ ਤੇ ਅਲਬਰਟਾ ਸਟੈਪ 3 ਤੇ ਜਾਵੇਗਾ ਜਿਸ ਵਿੱਚ ਬ੍ਰਿਟਿਸ਼ ਕੋਲੰਬੀਆ, ਸਸਕੈਚਵਾਨ ਅਤੇ ਮੈਨੀਟੋਬਾ ਵਿੱਚ ਸਾਂਝੇ ਤੌਰ ਤੇ ਜਨਤਕ ਆਵਾਜਾਈ 'ਤੇ ਲਾਜ਼ਮੀ ਮਾਸਕਿੰਗ ਨੂੰ ਹਟਾਉਣਾ ਅਤੇ ਲਾਜ਼ਮੀ ਅਲੱਗ-ਥਲੱਗਤਾ(ਆਈਸੋਲੇਸ਼ਨ) ਨੂੰ ਖਤਮ ਕਰਨਾ ਸ਼ਾਮਲ ਹੈ। ਲੱਛਣਾਂ ਵਾਲੇ ਜਾਂ ਕੋਵਿਡ ਪੌਜ਼ਿਟਿਵ ਟੈਸਟ ਵਾਲੇ ਲੋਕਾਂ ਲਈ ਅਲੱਗ-ਥਲੱਗ ਰਹਿਣ ਦੀ ਸਿਫ਼ਾਰਸ਼ ਕੀਤੀ ਜਾਵੇਗੀ। ਪਤਝੜ(ਫਾਲ) ਅਤੇ ਸਰਦੀਆਂ ਦੇ ਸਾਹ ਦੇ ਵਾਇਰਸ ਦੇ ਮੌਸਮ ਦੀ ਤਿਆਰੀ ਲਈ ਕੰਮ ਚੱਲ ਰਿਹਾ ਹੈ। ਇਸ ਵਿੱਚ ਨਿਗਰਾਨੀ ਅਤੇ ਟੈਸਟਿੰਗ ਪ੍ਰੋਗਰਾਮਾਂ ਨੂੰ ਕਾਇਮ ਰੱਖਣਾ ਅਤੇ ਗੰਭੀਰ ਦੇਖਭਾਲ ਕੇਂਦਰਾਂ ਦੀ ਸਮਰੱਥਾ ਨੂੰ ਵਧਾਉਣ ਦੀ ਤਿਆਰੀ ਸ਼ਾਮਲ ਹੈ।

## ਕਦਮ 3 - ਉਪਾਅ 14 ਜੂਨ ਰਾਤ 11:59 ਵਜੇ ਤੱਕ ਲਾਗੂ ਰਹਿਣਗੇ। 15 ਜੂਨ ਨੂੰ ਸਵੇਰੇ 12 ਵਜੇ ਤੋਂ:

- ਲਾਜ਼ਮੀ ਅਲੱਗ-ਥਲੱਗ(ਆਈਸੋਲੇਸ਼ਨ) ਸਿਰਫ਼ ਇੱਕ ਸਿਫ਼ਾਰਸ਼ ਬਣ ਜਾਂਦੀ ਹੈ।
- ਜਨਤਕ ਆਵਾਜਾਈ 'ਤੇ ਲਾਜ਼ਮੀ ਮਾਸਕਿੰਗ ਹਟਾ ਦਿੱਤੀ ਗਈ ਹੈ।

ਅਲਬਰਟਾ ਹੈਲਥ ਸਰਵਿਸਿਜ਼ (ਏਐਚਐਸ) ਅਤੇ ਕੰਟਰੈਕਟਿਡ ਸਿਹਤ ਸਹੂਲਤਾਂ ਵਿੱਚ ਮਰੀਜ਼ਾਂ ਦੀ ਸੁਰੱਖਿਆ ਲਈ ਮਾਸਕ ਅਤੇ ਹੋਰ ਉਪਾਅ ਏਐਚਐਸ ਨੀਤੀ ਦੁਆਰਾ ਲਾਗ ਦੀ ਰੋਕਥਾਮ ਅਤੇ ਨਿਯੰਤਰਣ ਲਈ ਲੋੜ ਅਨੁਸਾਰ ਲਾਗੂ ਰਹਿਣਗੇ।

ਨਿਰੰਤਰ ਦੇਖਭਾਲ ਵਿੱਚ ਸੀਐਮਓਐਚ ਦੇ ਆਦੇਸ਼ 30 ਜੂਨ ਤੱਕ ਰੱਦ ਕਰ ਦਿੱਤੇ ਜਾਣਗੇ ਪਰ ਨਿਰੰਤਰ ਦੇਖਭਾਲ ਸੈਟਿੰਗਾਂ ਵਿੱਚ ਕੁਝ ਉਪਾਅ ਮਿਆਰਾਂ ਅਤੇ ਨੀਤੀ ਦੁਆਰਾ ਲਾਗੂ ਰਹਿਣਗੇ। ਇਸ ਵਿੱਚ ਲੱਛਣਾਂ ਵਾਲੇ ਨਿਵਾਸੀਆਂ ਨੂੰ ਅਲੱਗ-ਥਲੱਗ ਕਰਨ, ਫੈਲਾਅ ਸਬੰਧੀ ਨਿਯਮ ਅਤੇ ਮਾਸਕਿੰਗ ਵਰਗੇ ਅਭਿਆਸਾਂ ਨੂੰ ਕਾਇਮ ਰੱਖਣਾ ਸ਼ਾਮਲ ਹੈ।

## ਕੋਵਿਡ-19 ਦੇ ਟੀਕੇ

ਅਲਬਰਟਾ ਦੀ ਕੋਵਿਡ-19 ਦੇ ਨਾਲ ਰਹਿਣ ਦੀ ਯੋਗਤਾ ਲਈ ਟੀਕੇ(ਵੈਕਸੀਨ) ਜਰੂਰੀ ਹਨ। ਅਲਬਰਟਾ ਵਾਸੀਆਂ ਨੂੰ ਉਹ ਸਾਰੀਆਂ ਖੁਰਾਕਾਂ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਜਿਨ੍ਹਾਂ ਲਈ ਉਹ ਯੋਗ ਹਨ।

ਵੈਕਸੀਨ ਪੂਰੇ ਸੂਬੇ ਵਿੱਚ ਵਾਕ-ਇਨ ਆਧਾਰ 'ਤੇ ਆਸਾਨੀ ਨਾਲ ਉਪਲਬਧ ਹੈ। ਅਲਬਰਟਾ ਵੈਕਸੀਨ ਬੁਕਿੰਗ ਸਿਸਟਮ ਦੁਆਰਾ ਜਾਂ 811 ਤੇ ਕਾਲ ਕਰਕੇ ਜਾਂ ਭਾਗ ਲੈਣ ਵਾਲੀ ਫਾਰਮੇਸੀ ਦੁਆਰਾ ਬੁਕਿੰਗ ਉਪਲਬਧ ਹੈ।

## ਰੈਪਿਡ ਟੈਸਟ

ਅਲਬਰਟਾ ਮੁਫਤ ਰੈਪਿਡ ਟੈਸਟ ਮੁਹੱਈਆ ਕਰਨੇ ਜਾਰੀ ਰੱਖੇਗਾ। ਰੈਪਿਡ ਟੈਸਟ ਕਿੱਟ ਲੈਣ ਲਈ ਲੋਕੇਸ਼ਨ ਲੱਭਣ ਲਈ, alberta.ca/CovidRapidTests ਤੇ ਜਾਓ। ਰੈਪਿਡ ਟੈਸਟ ਕਿੱਟ ਲੈਣ ਲਈ ਅਲਬਰਟਾ ਹੈਲਥ ਕੇਅਰ ਕਾਰਡ ਦੀ ਲੋੜ ਨਹੀਂ ਹੈ।

## ਮੀਡੀਆ ਪੁੱਛਗਿੱਛ


Steve Buick(ਸਟੀਵ ਬੁੱਇਕ)
780-288-1735
ਸੀਨੀਅਰ ਪ੍ਰੈਸ ਸੈਕਟਰੀ, ਸਿਹਤ ਮੰਤਰਾਲਾ



View this announcement online
Government of Alberta newsroom
Contact government
Unsubscribe